

## ਸੁਣਨਾ. ਜਾਂਚ ਕਰਨਾ.
## ਟੋਰਾਂਟੋ ਸ਼ਹਿਰ ਦੀਆਂ ਸੇਵਾਵਾਂ ਨੂੰ ਬਿਹਤਰ ਬਣਾਉਣਾ

# ਓਮਬਡਸਮੈਨ ਟੋਰਾਂਟੋ ਤੁਹਾਡੀ ਮਦਦ ਕਿਵੇਂ ਕਰ ਸਕਦੇ ਹਨ?

ਕੀ ਤੁਹਾਡੇ ਨਾਲ ਕੋਈ ਬੇਇਨਸਾਫ਼ੀ ਹੋਈ ਹੈ? ਕੀ ਟੋਰਾਂਟੋ ਸ਼ਹਿਰ ਦੀਆਂ ਸੇਵਾਵਾਂ ਜਾਂ ਪ੍ਰਸ਼ਾਸਨ ਬਾਰੇ ਤੁਹਾਡੀ ਸ਼ਿਕਾਇਤ ਉਸ ਥਾਂ ਤਕ ਪਹੁੰਚੀ ਸੀ ਜਿਥੋਂ ਤਕ ਉਹ ਪਹੁੰਚ ਸਕਦੀ ਸੀ? ਕੀ ਤੁਸੀਂ ਉਸਦੇ ਨਤੀਜੇ ਤੋਂ ਅਸੰਤੁਸ਼ਟ ਹੋ? ਇਹੀ ਉਹ ਬਿੰਦੂ ਹੈ ਜਿਥੇ ਸਾਡਾ ਕੰਮ ਸ਼ੁਰੂ ਹੁੰਦਾ ਹੈ।

ਕੁੱਤੇ ਦੇ ਮਾਲਕ ਵਜੋਂ ਆਪਣੀ ਜ਼ਿੰਮੇਵਾਰੀ ਨਾ ਨਿਭਾਉਣ ਤੋਂ ਲੈ ਕੇ ਪਾਣੀ ਦੇ ਬਿਲ ਵਿੱਚ ਗਲਤੀਆਂ ਅਤੇ ਰਿਹਾਇਸ਼ ਦੀ ਥਾਂ ਬਾਰੇ ਚਿੰਤਾਵਾਂ ਤਕ ਅਤੇ ਬਹੁਤ ਸਾਰੀਆਂ ਹੋਰ ਗੱਲਾਂ ਬਾਰੇ ਅਸੀਂ ਤੁਹਾਡੀ ਸ਼ਿਕਾਇਤ ਨੂੰ ਨਿਰਪੱਖ ਤਰੀਕੇ ਨਾਲ ਸੁਣਨ, ਜਾਂਚ ਕਰਨ ਅਤੇ ਹੱਲ ਕਰਨ ਦੀ ਅਸੀਂ ਹਰ ਮੁਮਕਨ ਕੋਸ਼ਿਸ਼ ਕਰਾਂਗੇ।

ਜਦੋਂ ਵੀ ਸਾਨੂੰ ਕੋਈ ਬੇਇਨਸਾਫ਼ੀ ਨਜ਼ਰ ਆਉਂਦੀ ਹੈ, ਅਸੀਂ ਉਸਦੀ ਨਿੰਦਾ ਕਰਨ ਅਤੇ ਵਿਹਾਰਕ ਹੱਲ ਲੱਭਣ ਲਈ ਵਚਨਬੱਧ ਹਾਂ ਤਾਂ ਜੋ ਟੋਰਾਂਟੋ ਨੂੰ ਬਿਹਤਰੀਨ ਸ਼ਹਿਰ ਬਣਾਇਆ ਜਾ ਸਕੇ।

ਸਾਡੀਆਂ ਸੇਵਾਵਾਂ ਸਭ ਦੇ ਲਈ ਮੁਫ਼ਤ ਹਨ।

ombudsmantoronto.ca
ombudsman@toronto.ca
416-392-7062